# ਸ਼ਿਵ ਕੁਮਾਰ ਬਟਾਲਵੀ

ਸ਼ਿਵ ਕੁਮਾਰ ਬਟਾਲਵੀ ਦੀ ਪੰਜਾਬੀ ਕਾਵਿ ਵਿੱਚ ਹੂਕ ਵੱਖਰੀ ਸੁਣਾਈ ਦਿੰਦੀ ਹੈ। ਉਸ ਨੂੰ ਬਿਰਹਾ ਦੇ ਕਵੀ ਕਰਕੇ ਜਾਣਿਆ ਜਾਂਦਾ ਹੈ। ਪਰ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸ਼ਿਵ ਨੇ ਪ੍ਰਗਤੀਵਾਦੀ ਵਿਚਾਰਾਂ ਨੂੰ ਵੀ ਗ੍ਰਹਿਣ ਕੀਤਾ । ਉਸ ਦੀ ਕਵਿਤਾ ਦਾ ਵਿਸ਼ੇਸ਼ ਗੁਣ ਇਹ ਹੈ, ਕਿ ਉਸ ਨੇ ਪੰਜਾਬੀ ਸਭਿਆਚਾਰ, ਲੋਕਧਾਰਾ ਅਤੇ ਵਿਰਸੇ ਵਿਚਲੀ ਸ਼ਬਦਾਵਲੀ ਨੂੰ ਪ੍ਰਤੀਕਮਈ ਲਹਿਜ਼ੇ ਵਿੱਚ ਪੇਸ਼ ਕਰਕੇ ਨਿਵੇਕਲਾ ਕਾਰਜ ਕੀਤਾ। ਉਸ ਦੀ ਕਾਵਿ ਸ਼ਬਦਾਵਲੀ ਦਾ ਨਿਵੇਕਲਾ ਕੋਸ਼ ਤਿਆਰ ਕੀਤਾ ਜਾ ਸਕਦਾ ਹੈ।

ਸ਼ਿਵ ਕੁਮਾਰ ਬਟਾਲਵੀ ਦਾ ਜਨਮ 1937 ਈ. ਨੂੰ ਪਿੰਡ ਲੋਹਟੀਆਂ ਜਿਲ੍ਹਾ ਸਿਆਲਕੋਟ(ਪਾਕਿਸਤਾਨ) ਵਿਖੇ ਪੰਡਿਤ ਕ੍ਰਿਸ਼ਨ ਗੋਪਾਲ ਦੇ ਘਰ ਹੋਇਆ। ਸ਼ਿਵ ਕੁਮਾਰ ਬਟਾਲਵੀ ਦੀ ਮਾਤਾ ਦਾ ਨਾਂ ਸ਼ਾਂਤੀ ਦੇਵੀ ਸੀ। ਸ਼ਿਵ ਕੁਮਾਰ ਬਟਾਲਵੀ ਨੇ ਪ੍ਰਾਇਮਰੀ ਦੀ ਪੜ੍ਹਾਈ ਪਿੰਡ ਤੋਂ ਹੀ ਪ੍ਰਾਪਤ ਕੀਤੀ। 10ਵੀਂ ਬਟਾਲਾ ਦੇ ਆਰਮੀ ਹਾਈ ਸਕੂਲ ਤੋਂ ਕੀਤੀ। ਉਚੇਰੀ ਪੜ੍ਹਾਈ ਲਈ ਸ਼ਿਵ ਕੁਮਾਰ ਬਟਾਲਵੀ ਬੇਅਰਿੰਗ ਯੂਨੀਅਨ ਕ੍ਰਿਸਚਿਅਨ ਕਾਲਜ ਵਿੱਚ ਦਾਖਿਲ ਹੋਇਆ, ਪਰ ਪੜ੍ਹਾਈ ਵਿੱਚੇ ਛੱਡ ਕੇ ਓਵਰਸੀਅਰ ਦਾ ਕੋਰਸ ਕਰਨ ਲਈ ਬੈਜਨਾਥ ਦਾਖਿਲਾ ਲੈ ਲਿਆ। ਇੱਥੇ ਵੀ ਪੜਾਈ ਵਿੱਚੇ ਹੀ ਛੱਡ ਦਿੱਤੀ। ਸੁਭਾਅ ਦੇ ਪ੍ਰਤੀਕੂਲ ਪਟਵਾਰਪੁਣਾ ਕੀਤਾ, ਪ੍ਰੰਤੂ ਕੁਝ ਸਮੇਂ ਬਾਅਦ ਨੌਕਰੀ ਛੱਡ ਦਿੱਤੀ। ਸ਼ਿਵ ਨੇ ਕੁਝ ਸਮਾਂ ਸਟੇਟ ਬੈਂਕ ਆਫ ਇੰਡੀਆਂ ਵਿੱਚ ਵੀ ਨੌਕਰੀ ਕੀਤੀ, ਪਰ ਵਿੱਚੇ ਛੱਡ ਕੇ ਸ਼੍ਰੀਮਤੀ ਕੈਲਾਸ਼ ਪੁਰੀ ਦੇ ਸੱਦੇ ਤੇ ਇੰਗਲੈਡ ਚਲਾ ਗਿਆ। ਭਾਰਤ ਵਾਪਿਸ ਪਰਤਿਆ ਤਾਂ ਬੀਮਾਰੀ ਕਾਰਨ 6 ਮਈ 1973 ਨੂੰ ਸਾਥੋਂ ਸਦਾ ਲਈ ਵਿੱਛੜ ਗਿਆ।

ਛੋਟੇ ਜੀਵਨ ਕਾਲ ਵਿੱਚ ਸ਼ਿਵ ਨੇ ਪੰਜਾਬੀ ਕਾਵਿ ਜਗਤ ਨੂੰ 'ਪੀੜਾਂ ਦਾ ਪਰਾਗਾ', 'ਲਾਜਵੰਤੀ' ,'ਆਟੇ ਦੀਆਂ ਚਿੜੀਆਂ', 'ਮੈਨੂੰ ਵਿਦਾ ਕਰੋ', 'ਦਰਦਮੰਦਾਂ ਦੀਆਂ ਆਹੀਂ', 'ਬਿਰਹਾ ਤੂੰ ਸੁਲਤਾਨ', 'ਮੈਂ ਤੇ ਮੈਂ', 'ਆਰਤੀ', 'ਅਲਵਿਦਾ', 'ਲੂਣਾ' ਵਰਗੀਆਂ ਖ਼ੂਬਸੂਰਤ ਕਾਵਿ-ਰਚਨਾਵਾਂ ਪ੍ਰਦਾਨ ਕੀਤੀਆਂ। ਸ਼ਿਵ ਨੂੰ 'ਲੂਣਾ' ਕਾਵਿ-ਸੰਗ੍ਰਹਿ 'ਤੇ ਭਾਰਤੀ ਸਾਹਿਤ ਅਕਾਦਮੀ ਇਨਾਮ ਹਾਸਿਲ ਹੋਇਆ। ਸ਼ਿਵ ਦੀ ਕਵਿਤਾ ਵਿੱਚੋਂ ਲੋਕ ਗੀਤਾਂ ਵਰਗੀ ਮਹਿਕ ਆਉਂਦੀ ਹੈ। ਵਿਦਿਆਰਥੀਆਂ ਲਈ ਉਸ ਦੀ ਕਾਵਿ ਰਚਨਾ ਵਿੱਚੋਂ ਕੁਝ ਅੰਸ਼ ਪ੍ਰਸਤੁਤ ਕੀਤੇ ਜਾ ਰਹੇ ਹਨ।

# ਰੁੱਖ

ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਂਵਾਂ
ਕੁੱਝ ਰੁੱਖ ਨੂੰਹਾਂ ਧੀਆਂ ਲਗਦੇ
ਕੁੱਝ ਰੁੱਖ ਵਾਂਗ ਭਰਾਵਾਂ
ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ
ਕੁੱਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ।

ਕੁੱਝ ਰੁੱਖ ਯਾਰਾਂ ਵਰਗੇ ਲਗਦੇ
ਚੁੰਮਾਂ ਤੇ ਗਲ ਲਾਵਾਂ
ਇੱਕ ਮੇਰੀ ਮਹਿਬੂਬਾ ਵਾਕਣ
ਮਿੱਠਾ ਅਤੇ ਦੁਖਾਵਾਂ
ਕੁੱਝ ਰੁੱਖ ਮੇਰਾ ਦਿਲ ਕਰਦਾ ਏ
ਮੋਢੇ ਚੁੱਕ ਖਿਡਾਵਾਂ
ਕੁਝ ਰੁੱਖ ਮੇਰਾ ਦਿਲ ਕਰਦਾ ਏ
ਚੁੰਮਾਂ ਤੇ ਮਰ ਜਾਵਾਂ
ਕੁੱਝ ਰੁੱਖ ਜਦ ਵੀ ਰਲ ਕੇ ਝੂੰਮਣ
ਤੇਜ ਵਗਣ ਜਦ ’ਵਾਵਾਂ
ਸਾਡੀ ਬੋਲੀ ਸਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ

ਮੇਰਾ ਵੀ ਇਹ ਦਿਲ ਕਰਦਾ ਏ
ਰੁੱਖ ਦੀ ਜੂਨੇ ਆਵਾਂ
ਜੇ ਤੁਸਾਂ ਮੇਰਾ ਗੀਤ ਹੈ ਸੁਣਨਾ
ਮੈਂ ਰੁੱਖਾਂ ਵਿੱਚ ਗਾਵਾਂ
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਉਣ ਰੁੱਖਾਂ ਦੀਆਂ ਛਾਵਾਂ।

**(ਬਾਬੇ– ਬਜ਼ੁਰਗ, ਟਾਵਾਂ ਟਾਵਾਂ– ਵਿਰਲਾ, ਵਾਕਣ– ਵਾਂਗ, ਮਹਿਬੂਬਾ– ਪ੍ਰੇਮਿਕਾ)**

## ਤੈਨੂੰ ਦਿਆਂ ਹੰਝੂਆਂ ਦਾ ਭਾੜਾ

ਤੈਨੂੰ ਦਿਆਂ ਹੰਝੂਆਂ ਦਾ ਭਾੜਾ,
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ!
ਭੱਠੀ ਵਾਲੀਏ, ਚੰਬੇ ਦੀਏ ਡਾਲੀਏ,
ਨੀ ਦੁੱਖਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ!

ਹੋ ਗਿਆ ਕੁਵੇਲਾ ਮੈਨੂੰ
ਢਲ ਗਈਆਂ ਛਾਂਵਾਂ ਨੀਂ।
ਬੇਲਿਆਂ 'ਚੋਂ ਮੁੜ ਆਈਆਂ
ਮੱਝੀਆਂ ਤੇ ਗਾਵਾਂ ਨੀਂ।

ਪਾਇਆ ਚਿੜੀਆਂ ਨੇ ਚੀਕ-ਚਿਹਾੜਾ,
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ!
ਤੈਨੂੰ ਦਿਆਂ ਹੰਝੂਆਂ ਦਾ ਭਾੜਾ,
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ!

ਛੇਤੀ ਛੇਤੀ ਕਰੀਂ,
ਮੈਂ ਤੇ ਜਾਣਾ ਬੜੀ ਦੂਰ ਨੀ।
ਜਿੱਥੇ ਮੇਰੇ ਹਾਣੀਆਂ ਦਾ,
ਟੁਰ ਗਿਆ ਪੂਰ ਨੀ।

ਓਸ ਪਿੰਡ ਦਾ ਸੁਣੀਂਦੈ ਰਾਹ ਮਾੜਾ,
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ!
ਤੈਨੂੰ ਦਿਆਂ ਹੰਝੂਆਂ ਦਾ ਭਾੜਾ,
ਨੀ ਦੁੱਖਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ!

ਮੇਰੀ ਵਾਰੀ ਪੱਤਿਆਂ ਦੀ ,
ਪੰਡ ਸਿੱਲ੍ਹੀ ਹੋ ਗਈ,
ਮਿੱਟੀ ਦੀ ਕੜਾਹੀ ਤੇਰੀ,
ਕਾਹਨੂੰ ਪਿੱਲੀ ਹੋ ਗਈ।

ਤੇਰੇ ਸੇਕ ਨੂੰ ਕੀਹ ਵੱਜਿਆ ਦੁਗਾੜਾ,
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ!
ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ,
ਭੱਠੀ ਵਾਲੀਏ!

ਲੱਪ ਕੁ ਏ ਚੁੰਗ ਮੇਰੀ,
ਮੈਨੂੰ ਪਹਿਲਾਂ ਟੋਰ ਨੀ!
ਕੱਚੇ ਕੱਚੇ ਰੱਖ ਨਾ ਨੀ,
ਰਾੜ੍ਹ ਥੋੜੇ ਹੋਰ ਨੀ!
ਕਰਾਂ ਮਿੰਨਤਾਂ ਮੁਕਾ ਦੇ ਨੀ ਪੁਆੜਾ,
ਨੀ ਪੀੜਾਂ ਦਾ ਪਰਾਗਾ ਭੁੰਨ ਦੇ,
ਭੱਠੀ ਵਾਲੀਏ!
ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਦੁੱਖਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ!

ਸੌਂ ਗਈਆਂ ਹਵਾਵਾਂ ਰੋ ਰੋ
ਕਰ ਵਿਰਲਾਪ ਨੀ।
ਤਾਰਿਆਂ ਨੂੰ ਚੜ੍ਹ ਗਿਆ
ਮੱਠਾ ਮੱਠਾ ਤਾਪ ਨੀ।

ਜੰਜ ਸਾਹਵਾਂ ਦੀ ਦਾ ਰੁੱਸ ਗਿਆ ਲਾੜਾ,

ਨੀ ਪੀੜਾਂ ਦਾ ਪਰਾਗਾ ਭੁੰਨ ਦੇ

ਭੱਠੀ ਵਾਲੀਏ!

ਤੈਨੂੰ ਦਿਆਂ ਹੰਝੂਆਂ ਦਾ ਭਾੜਾ

ਨੀ ਦੁੱਖਾਂ ਦਾ ਪਰਾਗਾ ਭੁੰਨ ਦੇ

ਭੱਠੀ ਵਾਲੀਏ!

**(ਪਰਾਗਾ: ਇੱਕ ਵਾਰ ਦਾ ਪੂਰ, ਹਿਜ਼ਰ: ਵਿਛੋੜਾ, ਪਿੱਲੀ: ਕੱਚੀ)**

## ਅਭਿਆਸ-ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਸੌਂ ਗਈਆਂ ਹਵਾਵਾਂ ਰੋ ਰੋ
ਕਰ ਵਿਰਲਾਪ ਨੀ।
ਤਾਰਿਆਂ ਨੂੰ ਚੜ੍ਹ ਗਿਆ
ਮੱਠਾ ਮੱਠਾ ਤਾਪ ਨੀ।
ਜੰਜ ਸਾਹਵਾਂ ਦੀ ਦਾ ਰੁੱਸ ਗਿਆ ਲਾੜਾ,
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ!

(ਅ) ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਂਵਾਂ
ਕੁੱਝ ਰੁੱਖ ਨੂੰਹਾਂ ਧੀਆਂ ਲਗਦੇ
ਕੁੱਝ ਰੁੱਖ ਵਾਂਗ ਭਰਾਵਾਂ
ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ
ਕੁੱਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ।

2. 'ਰੁੱਖ' ਕਵਿਤਾ ਦਾ ਕੇਂਦਰੀ ਭਾਵ ਲਿਖੋ।

3. 'ਤੈਨੂੰ ਦਿਆਂ ਹੰਝੂਆਂ ਦਾ ਭਾੜਾ' ਕਵਿਤਾ ਦਾ ਸਾਰ ਲਿਖੋ।

4. 'ਰੁੱਖ' ਕਵਿਤਾ ਵਿੱਚ ਕਵੀ ਨੇ ਕਿਹੜੇ-ਕਿਹੜੇ ਰਿਸ਼ਤਿਆਂ ਦੀ ਗੱਲ ਕੀਤੀ ਹੈ ? ਅਤੇ ਉਹਨਾਂ ਬਾਰੇ ਕੀ ਵਿਚਾਰ ਪੇਸ਼ ਕੀਤੇ ਹਨ ?

5. 'ਜਿੱਥੇ ਮੇਰੇ ਹਾਣੀਆਂ ਦਾ ਟੁਰ ਗਿਆ ਪੂਰ ਨੀ' ਤੁਕ ਤੋਂ ਕੀ ਭਾਵ ਹੈ ?